CLASS : 12th (Sr. Secondary) **Code No. 4332**

**Series : SS-M/2019**

ਰੋਲ ਨੰ. | | | | | | | | | | |

***SET : C***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

StudentSuvidha.com
downloaded from



NOTES and PAPERS at StudentSuvidha.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਅਸੀਂ ਕਾਲਜਾ ਘੁੱਟ ਕੇ ਬਹਿ ਗਏ ਸਾਂ,
ਮੁੜ ਕੇ ਸੁੱਤੀਆਂ ਕਲਾਂ ਜਗਾਇਆ ਵੀ।
ਤੇਰੇ ਗਿਆਨ ਦੀ ਪੁੜੀ ਨਹੀਂ ਕਾਟ ਕਰਦੀ,
ਏਨ੍ਹਾਂ ਪੀੜਾਂ ਦੀਆਂ ਹੋਰ ਦਵਾਈਆਂ ਨੀ।
ਆਪ ਆਉਣ ਦੀ ਨਹੀਂ ਜੇ ਨੀਤ ਉਸਦੀ,
ਕਾਹਨੂੰ ਗੋਂਗਲੂ ਤੋਂ ਮਿੱਟੀ ਝਾੜਦਾ ਹੈ।
ਜੇਕਰ ਅੱਗ ਨੂੰ ਨਹੀਂ ਬਝਾਉਣ ਜੋਗਾ,
ਪਾ ਪਾ ਤੇਲ ਕਿਉਂ ਸੜਿਆ ਨੂੰ ਸਾੜਦਾ ਹੈ।

(ਅ) ਖਤ ਆਵੇਗਾ ਬਹੁਤ ਕੁਵੇਲੇ
ਧਰਤੀਆਂ ਲੰਮੀ ਛਾਂ ਦਾ ਖਤ
ਚੁਪ ਦੇ ਸਫ਼ਿਆ ਉਤੇ ਲਿਖਿਆ
ਉਜੜੀ ਸੁੰਨ ਸਰਾਂ ਦਾ ਖਤ
ਇਕ ਬੇਨਕਸ਼ ਖਿਲਾਅ ਦਾ ਲਿਖਿਆ
ਤੇਰੇ ਅਸਲੀ ਨਾਂ ਦਾ ਖਤ
ਲੋਕ ਕਹਿਣਗੇ ਕਬਰ ਦਾ ਖਤ
ਤੂੰ ਆਖੇਂਗਾ ਮਾਂ ਦਾ ਖਤ।



downloaded from StudentSuvidha.com
NOTES and PAPERS at StudentSuvidha.com

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਖ਼ੂਹ ਉੱਤੇ

(ਅ) ਲੂਣਾ

(ੲ) ਜੰਗਲ ਦੇ ਵਿੱਚ ਰਾਤ ਪਈ ਹੈ।

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਨਸਲ ਮਨੁੱਖੀ ਕੀੜੇ ਮਕੌੜੇ ਹੋ ਜਾਵੇਗੀ ਦੀ ਵਿਆਖਿਆ ਕਰੋ (ਕਵਿਤਾ ਪਦਮਾ ਦੇ ਅਧਾਰ ਤੇ) 2

(ਅ) 'ਚਿੜਿਆਂ ਦਾ ਚੰਬਾ' ਕਵਿਤਾ ਵਿੱਚ ਉਹ ਕਿਹੜੇ ਵੇਰਵੇ ਹਨ ਜੋ ਬਾਪ ਦੀ ਗਰੀਬੀ ਵਲ ਸੰਕੇਤ ਕਰਦੇ ਹਨ ? 2

(ੲ) ਕਵਿਤਾ 'ਦਾਗ' ਵਿੱਚ 'ਦਾਗ' ਕਿਸ ਦਾ ਪ੍ਰਤੀਕ ਹੈ ? 1

(i) ਨੇਕਨਾਮੀ ਦਾ

(ii) ਸਿਆਹੀ ਦਾ

(iii) ਨਾਜਾਇਜ ਔਲਾਦ ਦਾ

(iv) ਮਾਂ ਦੀ ਬਿਪਤਾ ਦਾ

(ਸ) ਜਾਇਦਾਦ ਕਵਿਤਾ ਵਿੱਚ ਕਿਸ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਨਹੀਂ ਮਿਲਦਾ ਹੈ ? 1

(i) ਮਰਦ ਨੂੰ (ii) ਇਸਤਰੀ ਨੂੰ

(iii) ਆਸ਼ਕ ਨੂੰ (iv) ਕਿਸੇ ਨੂੰ ਵੀ ਨਹੀਂ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

(ੲ) ਸਾਡੇ ਲੋਕਗੀਤ



downloaded from StudentSuvidha.com
Download all NOTES and PAPERS at StudentSuvidha.com

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੀਸ਼ੇ ਸਾਹਮਣੇ' ਲੇਖ ਦੇ ਲੇਖਕ ਦੇ ਖਾਣ-ਪੀਣ, ਸੌਣ ਤੇ ਪਹਿਰਾਵੇ ਬਾਰੇ ਤੁਸੀਂ ਕੀ ਜਾਣਦੇ ਹੋ। 3

(ਅ) ਲੇਖਕ ਨੇ ਯੂਰਪ ਦੀਆਂ ਜਮਾਤਾਂ ਦੇ ਸਭਿਆਚਾਰਕ ਪੱਧਰ ਬਾਰੇ ਕੀ ਸਿੱਟਾ ਕੱਢਿਆ ਹੈ ? (ਸਭਿਅਤਾ ਦੇ ਦੋ ਪੱਧਰ ਅਧਾਰ ਤੇ) 2

(ੲ) ਇਤਿਹਾਸ ਲਿਖਣ ਲਈ ਲੋਕਗੀਤਾਂ ਦਾ ਅਧਿਐਨ ਕਿਉਂ ਜਰੂਰੀ ਹੈ ? 2

(ਸ) ਏਵੀਆਂ ਚਸ਼ਮੇ ਦਾ ਪਾਣੀ ਕਿਸ ਬਿਮਾਰੀ ਲਈ ਲਾਭਦਾਇਕ ਹੈ ? 1

(i) ਗੁਰਦਿਆਂ ਦੀ

(ii) ਜਿੱਗਰ ਦੀ

(iii) ਦਿੱਲ ਦੀ

(iv) ਫੇਫੜਿਆਂ ਦੀ

**6.** 'ਸ਼ੋਭਾ ਸ਼ਕਤੀ' ਨਾਟਕ ਦਾ ਵਿਸ਼ਾ ਵਸਤੂ ਕੀ ਹੈ ? ਵਿਆਖਿਆ ਕਰੋ। 7

**ਜਾਂ**

ਸ਼ੋਭਾ ਸ਼ਕਤੀ ਨਾਟਕ ਦਾ ਉਦੇਸ਼ ਕੀ ਹੈ ? ਵਿਆਖਿਆ ਕਰੋ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਰਮੇਸ ਸ਼ੋਭਾ ਨੂੰ ਕਿਸ ਤਰ੍ਹਾਂ ਰਖਣਾ ਚਾਹੁੰਦਾ ਸੀ ? 3

(ਅ) ਸ਼ੋਭਾ ਦੇ ਚਰਿੱਤਰ ਦੇ ਕੋਈ ਦੋ ਗੁਣ ਦੱਸੋ ? 2

(ੲ) ਸ਼ੋਭਾ ਘਰ ਦਾ ਤਿਆਗ ਕਰਕੇ ਕਿੱਥੇ ਚਲੀ ਜਾਂਦੀ ਹੈ ? 2



StudentSuvidha.com
downloaded from
.S and PAPERS at StudentSuvidha.com

(ਸ) ਸ਼ੋਭਾ ਸਕਤੀ ਨਾਟਕ ਕਦੋਂ ਲਿਖਿਆ ਗਿਆ ? 1

(i) 1960 (ii) 1962

(iii) 1964 (iv) 1966

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਉ : 7

(ੳ) ਬੁੱਲੇ ਸ਼ਾਹ

(ਅ) ਸ਼ਾਹ ਮੁਹੰਮਦ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : 1

(i) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਨੇ ਕੀਤੀ ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਭਾਈ ਗੁਰਦਾਸ ਜੀ (ਸ) ਭਾਈ ਨੰਦ ਲਾਲ ਜੀ

(ii) ਭਾਈ ਲਾਲੋ ਕਿਸ ਵਰਣ ਜਾ ਜਾਤੀ ਨਾਲ ਸੰਬੰਧਿਤ ਸੀ ? 1

(ੳ) ਖਤਰੀ

(ਅ) ਸ਼ੂਦਰ

(ੲ) ਵੈਸ਼

(ਸ) ਬ੍ਰਾਹਮਣ



downloaded from StudentSuvidha.com

..S at StudentSuvidha.com

(iii) ਦਮੋਦਰ ਨੇ ਆਪਣਾ ਕਿੱਸਾ ਕਿਹੜੀ ਬੋਲੀ (ਭਾਸ਼ਾ) ਵਿੱਚ ਲਿਖਿਆ ਹੈ ? 1

(ੳ) ਝਾਂਗੀ (ਲਹਿਦੀ) ਵਿੱਚ

(ਅ) ਪੋਠੋਹਾਰੀ ਵਿੱਚ

(ੲ) ਮਾਝੀ ਵਿੱਚ

(ਸ) ਦੁਆਬੀ ਵਿੱਚ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਪੰਜਾਬੀ ਵਿੱਚ ਸਭ ਤੋਂ ਵਧ ਕਹਾਣੀਆਂ ਕਿਸ ਨੇ ਲਿਖਿਆ ?

(ਅ) ਪੰਜਾਬੀ ਕਾਵਿ ਵਿੱਚ ਫ਼ਰਮੀ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(ੲ) ਖੁੱਲ੍ਹੀ ਕਵਿਤਾ ਲਿਖਣ ਦਾ ਮੋਢੀ ਕਵੀ ਕੌਣ ਹੈ ?

(ਸ) ਆਧੁਨਿਕ ਪੰਜਾਬੀ ਰੰਗਮੰਚ ਦਾ ਜਨਮਦਾਤਾ ਕਿਸ ਨੂੰ ਕਿਹਾ ਜਾਂਦਾ ਹੈ ?

(ਹ) 'ਕਣਕ ਦੀ ਬੱਲੀ' ਨਾਟਕ ਕਿਸ ਦੀ ਰਚਨਾ ਹੈ ?

(ਕ) ਪ੍ਰੋ. ਮੋਹਨ ਸਿੰਘ ਦਾ ਦੇਹਾਂਤ ਕਦੋਂ ਹੋਇਆ ਸੀ ?

(ਖ) ਪ੍ਰਿੰ. ਸੰਤ ਸਿੰਘ ਸੇਖੋਂ ਦਾ ਜਨਮ ਕਦੋਂ ਹੋਇਆ ਸੀ ?

(ਗ) 'ਫਾਲਤੂ ਔਰਤ' ਕਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

(ਘ) ਪੰਜਾਬੀ ਵਿੱਚ ਜੌਹਨਕੀਟਸ ਦੀ ਉਪਾਧੀ ਕਿਸ ਕਵੀ ਨੂੰ ਮਿਲੀ ਹੈ ?

(ਙ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਦੱਸੋ ?



StudentSuvidha.com
downloaded from
nload all NOTES and PAPERS at StudentSuvidha.com

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਦੂਜਿਆ ਦੀਆ ਗੱਲਾਂ ਵਿੱਚ ਨਾ ਆਓ

(ਅ) ਈਮਾਨਦਾਰੀ ਦਾ ਫਲ ਮਿੱਠਾ ਹੁੰਦਾ ਹੈ।

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ। ਉਸ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ। ਕੰਮ ਕਰਨਾ ਉਸ ਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ, ਸਗੋ ਵੱਡੀ ਅਵਸ਼ਕਤਾ ਵੀ ਹੈ। ਉਸ ਦੇ ਜੀਵਨ ਦਾ ਅਧਿਕਤਮ ਭਾਗ ਕੰਮ ਅਤੇ ਆਰਾਮ ਵਿੱਚ ਵੰਡਿਆ ਹੋਇਆ ਹੈ। ਆਰਾਮ ਅਤੇ ਵਿਹਲ ਦੇ ਸਮੇਂ ਵੀ ਅਸੀਂ ਕੰਮ ਕਰਦੇ ਹਾਂ। ਕੇਵਲ ਪੂਰਨ ਅਰਾਮ ਤੇ ਨੀਂਦਰ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ ਹੈ। ਜਰ੍ਹਾ ਗਹੁ ਨਾਲ ਦੇਖਿਆ ਜਾਵੇ ਤਾਂ ਕੰਮ ਕਰਨਾ ਹੀ ਜਿੰਦਗੀ ਹੈ। ਅਰਥਾਤ ਗਤੀ ਤੋਂ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ। ਬੇ-ਹਰਕਤ ਪਦਾਰਥ ਅਤੇ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ ਹੈ? ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਕਾਜਾਂ ਨਾਲ ਓਤਪੋਤ ਹੈ। ਅਤੇ ਇਹੀ ਉਸਦੀ ਪ੍ਰਗਤੀ ਦੇ ਪ੍ਰਤੀਕ ਅਤੇ ਪ੍ਰਮਾਣ ਹਨ।

downloaded from StudentSuvidha.com



NOTES and PAPERS at StudentSuvidha.com